ISSN 0972-2335

# ਅੰਮ੍ਰਿਤ ਕੀਰਤਨ



## ਨਨਕਾਣਾ ਸਾਹਿਬ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਅਕਤੂਬਰ 2022

ਮੁੱਲ 15/-



## ਲੀਜੈ ਆਪੂੰ ਜੋੜ

ਪ੍ਰੇਮ ਦੀ ਤਰੰਗ ਨੇ ਉਮੰਗ ਮੈਂ ਨਿਸੰਗ ਕੀਨੋ,
ਚਾਰ ਤੁੱਕ ਰੰਗ ਬਦਰੰਗ, ਦਾਸ ਰਾਚਿਉ।

ਗਿਆਨ ਕੀ ਨ ਸਾਰ ਉਰਵਾਰ ਪਾਰ ਲਭਦਾ ਨਾ,
ਲੀਲਾ ਕਾ ਨ ਅੰਤ, ਕਰਤਾਰ ਮੇਰੇ ਸਾਚਿਉ।

ਹੋਵੋ ਜੇ ਸਹਾਈ,ਔਕੜ ਆਂਵਦੀ ਨ ਕਾਈ,
ਸਭ ਵੇਖਦੀ ਲੁਕਾਈ,ਸੱਚੇ ਰਬ ਪਾਸੋਂ ਜਾਚਿਉ।

ਬਿਨੇ ਹੱਥ ਜੋੜ, ਸੰਤੋਖ ਕਹਿਤ ਮੇਰੇ ਪ੍ਰਭੂ,
ਲੀਜੇ ਆਪੂੰ ਜੋੜ,ਨਾਲੇ ਭੁੱਲ ਚੁੱਕ ਮਾਫ਼ਿਉ।

## MERGE ME WITH THEE , O LORD

Immersed in the ripples of passion and love,
modesty I wrote a few verses,
some valued, some faded in rhyme.

Ignorant of life here and after,
finding no clue of His wondrous acts,
helplessly I muttered, Your riddle
is beyond comprehension of mine.

Your help and prop surmount all hurdles,
so all seek firm support of Thine.

With folded hands Santokh prays,
please, do not weigh my deeds
with Thy grace and benevolence,
but keep me attuned to Thee all time.

ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

fJ; n|e ftu


ਲੀਜੈ ਆਪੁ ਜੋੜ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਕੋਈ ਨਾਉ ਨ ਜਾਨੈ ਮੇਰਾ 2

ਗੁਰੂ ਕਾਲ ਦੇ ਅਪ੍ਰਸਿੱਧ ਕੀਰਤਨੀਏ
ਡਾ. ਗੁਰਨਾਮ ਸਿੰਘ 4

ਗੁਰਬਾਣੀ ਦੀ ਸੁਹਜ-ਭਾਵਨਾ
ਜਗਤਾਰਜੀਤ ਸਿੰਘ 6

ਕਾਇਆ ਬ੍ਰਹੁ-ਖੰਡ ਖੋਜਤੇ
ਡਾ. ਬਲਵਿੰਦਰਪਾਲ ਸਿੰਘ 8

ਭਾਈ ਗੁਰਦਾਸ ਜੀ ਦੇ ਚੌਣਵੇਂ ਸੁਨੇਹੇ
ਪਰਮਜੀਤ ਸਿੰਘ 'ਸੁਚਿੰਤਨ' 11

Bhai Samund Singh
(The Hazoori Raagi and Heavenly Minstrel)
Harjap Singh Aujla 12

ਤਿੰਨ ਤਾਲ ਕਾਇਦਾ ਸੀਰੀਜ
ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ ਪੰਜਾਬ ਘਰਾਣਾ) ਟਾ-3-4



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

## ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ : 15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ;eNo 15-J, uvhrV 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

## ਕਰਉ ਬੇਨੰਤੀਆ

# ਕੋਈ ਨਾਉ ਨ ਜਾਨੈ ਮੇਰਾ

ਪਿਛਲੇ ਦਿਨੀ ਇੱਕ ਲੇਖਕ ਨੇ ਗੁਰਮਤਿ ਸੰਗੀਤ ਬਾਰੇ ਇੱਕ ਲੇਖ ਭੇਜਿਆ ਉਸ ਨੇ ਨਵੇਂ ਪੁਰਾਣੇ ਕੀਰਤਨੀਆਂ ਅਤੇ ਗੁਰਮਤਿ ਸੰਗੀਤ ਸਬੰਧੀ ਲਿਖਣ ਵਾਲੇ ਲੇਖਕਾਂ ਦੇ ਯੋਗਦਾਨ ਬਾਰੇ ਭਰਪੂਰ ਜ਼ਿਕਰ ਕੀਤਾ ਹੋਇਆ ਸੀ। ਮੈਂ ਉਸ ਲੇਖ ਨੂੰ ਆਪਣੇ ਪਰਚੇ 'ਅੰਮ੍ਰਿਤ ਕੀਰਤਨ' ਵਿੱਚ ਛਾਪਣਾ ਸੀ। ਮੈਨੂੰ ਹੈਰਾਨੀ ਅਤੇ ਪਰੇਸ਼ਾਨੀ ਹੋਈ ਕਿ ਉਸ ਵਿੱਚ ਮੇਰਾ ਜ਼ਿਕਰ ਨਹੀਂ ਸੀ। ਨਾ ਹੀ ਮੇਰੀਆਂ ਪੁਸਤਕਾਂ ਅਤੇ ਨਾ ਹੀ 'ਅੰਮ੍ਰਿਤ ਕੀਰਤਨ' ਮੈਗਜ਼ੀਨ ਦਾ। ਮੈਂ ਨਮੋਸ਼ ਹੋਇਆ ਆਪਣੇ ਮਨ ਨੂੰ ਸਮਝਾ ਰਿਹਾ ਸਾਂ। ਉਸ ਦਿਨ ਮੈਨੂੰ ਫੈਜ਼ ਅਹਿਮਦ ਫੈਜ਼ ਦਾ ਇੱਕ ਸ਼ੇਅਰ ਯਾਦ ਆਇਆ–

ਵੋ ਬਾਤ ਜਿਸਕਾ ਸਾਰੇ ਫਸਾਨੇ ਮੇਂ ਜ਼ਿਕਰ ਨ ਥਾ,  
ਵੋ ਬਾਤ ਉਨਕੋ ਬਹੁਤ ਨਾਗਵਾਰ ਗੁਜ਼ਰੀ ਹੈ।

ਮੈਨੂੰ ਇੱਕ ਪ੍ਰਸਿੱਧ ਰਸਾਲੇ ਦੇ ਕਵੀ ਐਡੀਟਰ ਬਾਰੇ ਚੁਟਕਲਾ ਯਾਦ ਆਇਆ। ਕਹਿੰਦੇ ਹਨ ਉਸ ਨੇ ਇੱਕ ਲੇਖਕ ਦੇ ਲੇਖ ਵਿੱਚ ਦਿੱਤੀ ਕਵੀਆਂ ਦੀ ਲਿਸਟ ਵਿੱਚ ਆਪਣਾ ਨਾਮ ਆਪੇ ਹੀ ਲਿਖ ਲਿਆ। ਬਾਅਦ ਵਿੱਚ ਪਤਾ ਲੱਗਾ ਕਿ ਇਸ ਲੇਖ ਵਿੱਚ ਪੁਰਾਣੇ ਕਵੀਆਂ ਦਾ ਜ਼ਿਕਰ ਕੀਤਾ ਜਾ ਰਿਹਾ ਸੀ।

ਪੁਰਾਣੇ ਵੱਡੇ ਲੇਖਕਾਂ ਜਿਵੇਂ ਭਾਈ ਵੀਰ ਸਿੰਘ ਜੀ ਵਿੱਚ ਕਿੰਨੀ ਨਿਮਰਤਾ ਸੀ ਉਹ ਆਪਣੀ ਨਵੀਂ ਪੁਸਤਕ ਤੇ ਆਪਣਾ ਨਾਮ ਲਿਖਣ ਦੀ ਬਜਾਇ ਲਿਖਦੇ ਸਨ–ਕਰਤਾ ਰਾਣਾ ਸੂਰਤ ਸਿੰਘ–

ਉਹ ਤਾਂ ਇਹ ਵੀ ਲਿਖਦੇ ਹਨ–

ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਤੁਰ ਜਾਣ ਦੀ  
ਹਾਇ ਪੂਰੀ ਹੁੰਦੀ ਨਾਹ ਮੈ ਤਰਲੇ ਲੈ ਰਿਹਾ।

ਪਰ ਮੇਰੀ ਮਾਨਸਿਕਤਾ––???

ਜਪੁ ਜੀ ਸਾਹਿਬ ਦੀ ਪਉੜੀ ਦੇ ਅਰਥ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹਾਂ–

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥  
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥  
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥  
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥

--------------------------------

ਭੈ ਤੇਰੇ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥  
ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥  
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥

ਗੁਰਬਾਣੀ ਵਿੱਚ ਗੁਰੂ ਸਾਹਿਬਾਨ ਨੇ ਨਿਮਰਤਾ ਭਾਵ ਦਰਸਾਉਂਦਿਆਂ ਉਪਦੇਸ਼ ਦਿੱਤੇ ਹਨ–

ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ।
ਜੇ ਕੋਈ ਪ੍ਰਾਪਤੀ ਹੁੰਦੀ ਹੈ ਤਾਂ ਗੁਰਮੁਖ ਵਿਅਕਤੀ ਇਹੀ ਆਖਦੇ ਹਨ–
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

ਕਈ ਮੇਰੇ ਵਰਗੇ ਆਪਣੀ ਨਿਮਰਤਾ ਦਾ ਵਿਖਾਵਾ ਕਰਨ ਲਈ ਆਪਣੇ ਆਪ ਨੂੰ 'ਗੁਰੂ ਪੰਥ ਦਾ ਦਾਸ' 'ਗੁਲਾਮ ਗੁਰੂ ਕਾ' ਕਈ ਤਾਂ ਹੋਰ ਅੱਗੇ ਜਾ ਕੇ ਆਖਦੇ ਹਨ 'ਕੂਕਰ ਗੁਰੂ ਕਾ'।

ਅਜਿਹਿਆਂ ਬਾਰੇ ਓਸ਼ੋ ਰਜਨੀਸ਼ ਨੇ ਇੱਕ ਗੱਲ ਸੁਣਾਈ ਸੀ। ਕੋਈ ਮਹਾਤਮਾ ਉਸ ਨੂੰ ਮਿਲਣ ਆਇਆ ਆਇਆ ਤਾਂ ਜਾਂਦਾ ਹੋਇਆ ਕਹਿਣ ਲੱਗਾ –ਹਮ ਤੋ ਆਪ ਕੇ ਚਰਨੋਂ ਧੂਲ ਹੈਂ– ਉਸ ਦੇ ਜਾਣ ਪਿਛੋਂ ਰਜਨੀਸ਼ ਨੇ ਕਿਹਾ ਕਿ ਸਾਡੀਂ ਹਉਮੈਂ ਵੀ ਕਮਾਲ ਦੀ ਹੈ। ਜਦੋਂ ਅਸੀਂ ਕਿਸੇ ਨੂੰ ਕਹਿੰਦੇ ਹਾਂ ਕਿ ਅਸੀਂ ਤੁਹਾਡੇ ਚਰਨਾਂ ਦੀ ਧੂੜ ਹਾਂ ਤਾਂ ਆਸ ਰਖਦੇ ਹਾਂ ਕਿ ਅਗਲਾ ਵੀ ਨਿਮਰਤਾ ਦਾ ਵਿਖਾਵਾ ਇੰਜ ਹੀ ਕਰੇ। ਪਰ ਅਗੋਂ ਜੇ ਕੋਈ ਅੱਖੜ ਇਹ ਕਹਿ ਦੇਵੇ ਕਿ –ਤੁਸੀਂ ਠੀਕ ਫੁਰਮਾਉਂਦੇ ਹੋ ਕਿ ਤੁਸੀਂ ਮੇਰੇ ਚਰਨਾਂ ਦੀ ਧੂੜ ਹੋ ਤਾਂ ਫਿਰ ਵੇਖੋ ਕੀ ਹਾਲਤ ਹੁੰਦੀ ਹੈ।

ਇਸ ਮਨ ਦੀਆਂ ਕੀ ਕਹਾਣੀਆਂ ਹਨ। ਜੇ ਕੋਈ ਵਡਿਆਈ ਕਰੇ ਤਾਂ ਝਿਜਕ ਵਿਖਾਉਂਦਾ ਹੈ। ਜੇ ਵਡਿਆਈ ਨਾ ਕਰੇ ਤਾਂ ਦੁਖੀ ਹੁੰਦਾ ਹੈ। ਇਹ ਵਡਿਆਈ ਜਾਂ ਪ੍ਰਸ਼ੰਸਾ ਸੁਣਨ ਦਾ ਜਜ਼ਬਾ ਬੜਾ ਬਲਵਾਨ ਹੈ।

ਸ਼ਾਇਦ ਸ਼ੈਕਸਪੀਅਰ ਨੇ ਵੀ ਕਿਤੇ ਲਿਖਿਆ ਹੈ। ਜਿਹੜੇ ਲੋਕ ਆਪਣੀ ਪ੍ਰਸ਼ੰਸਾ ਨਹੀਂ ਕਰਾਉਣਾ ਚਾਹੁੰਦੇ ਉਹਨਾਂ ਦੀ ਵੀ ਪ੍ਰਸ਼ੰਸਾ ਕੀਤੀ ਜਾ ਸਕਦੀ ਹੈ। ਤੁਸੀਂ ਚਾਰ ਆਦਮੀਆਂ ਦੇ ਸਾਹਮਣੇ ਆਖੋ ਕਿ– ਇਹ ਭਾਈ ਸਾਹਿਬ ਤਾਂ ਇਤਨੇ ਨਿਮਰ ਹਨ ਕਿ ਇਹ ਆਪਣੀ ਪ੍ਰਸ਼ੰਸਾ ਵੀ ਕਿਸੇ ਨੂੰ ਨਹੀਂ ਕਰਨ ਦਿੰਦੇ।

ਭੁੱਲ ਚੁੱਕ ਖਿਮਾ



## ਜ਼ਰੂਰੀ ਸੂਚਨਾ

ਸਰਕਾਰ ਦੇ ਨਵੇਂ ਆਦੇਸ਼ਾਂ ਅਨੁਸਾਰ ਅੰਮ੍ਰਿਤ ਕੀਰਤਨ ਟ੍ਰਸਟ ਨੂੰ ਮਾਇਆ ਭੇਜਣ ਵਾਲੇ ਸੱਜਣਾਂ ਨੂੰ 80ਜੀ ਐਕਟ ਅਧੀਨ ਇਨਕਮ ਟੈਕਸ ਤੋਂ ਛੋਟ ਲੈਣ ਲਈ ਆਪਣਾ ਅਧਾਰ ਨੰਬਰ ਅਤੇ ਪੈਨ ਨੰਬਰ ਲਿਖਣਾ ਜ਼ਰੂਰੀ ਹੈ। ਜਿਹਨਾਂ ਨੇ ਵੀ ਮਾਇਆ ਭੇਜੀ ਹੈ ਉਹ ਅੰਮ੍ਰਿਤ ਕੀਰਤਨ ਟ੍ਰਸਟ ਦਾ ਰਸੀਦ ਨੰਬਰ,ਆਪਣਾ ਆਧਾਰ ਨੰਬਰ ਅਤੇ ਪੈਨ ਨੰਬਰ ਤੁਰੰਤ ਭੇਜਣ ਦੀ ਕਿਰਪਾ ਕਰਨ ਜੀ।–––**ਜਾਗੀਰ ਸਿੰਘ ਮੋਬਾਇਲ ਨੰ: 9855640630**

# ਗੁਰੂ ਕਾਲ ਦੇ ਅਪ੍ਰਸਿੱਧ ਕੀਰਤਨੀਏ

**ਡਾ. ਗੁਰਨਾਮ ਸਿੰਘ**

ਗੁਰਮਤਿ ਸੰਗੀਤ ਵਿਚ ਗੁਰੂ ਕਾਲ ਦੇ ਪ੍ਰਮੁੱਖ ਰਬਾਬੀ ਕੀਰਤਨੀਆਂ ਤੋਂ ਇਲਾਵਾ ਵੱਖ ਵੱਖ ਗੁਰੂ ਸਾਹਿਬਾਨ ਸਮੇਂ ਬਾਣੀ ਅਤੇ ਕੀਰਤਨ ਦੇ ਕਈ ਰਸੀਏ ਗੁਰਸਿਖ ਕੀਰਤਨ ਦੀ ਅਨਿਨ ਸੇਵਾ ਨਿਭਾਉਣ ਕਰਕੇ ਗੁਰ ਇਤਿਹਾਸ ਦਾ ਹਿੱਸਾ ਬਣੇ।

ਗੁਰੂ ਅੰਗਦ ਦੇਵ ਜੀ ਦੇ ਕਾਲ ਵਿਚ ਗੁਰ ਦਰਬਾਰ ਵਿਚ ਕੀਰਤਨ ਕਰਨ ਵਾਲੇ ਭਾਈ ਸਜ਼ਾਦਾ, ਭਾਈ ਬਲਵੰਡ ਤੋ ਬਿਨਾਂ ਭਾਈ ਸਾਦੂ ਭਾਈ ਬਾਦੂ ਤੇ ਭਾਈ ਰਜਾਦਾ ਦਾ ਜ਼ਿਕਰ ਹੈ। ਭਾਈ ਮਨੀ ਸਿੰਘ ਰਚਿਤ ਭਗਤ ਰਤਨਾਵਲੀ ਅਨੁਸਾਰ ਕੀਰਤਨ ਤੇ ਕੀਰਤਨੀਆਂ ਸਬੰਧੀ ਇਕ ਰੌਚਿਕ ਗਾਥਾ ਇਉ ਹੈ :

"ਝਾਂਝੂ ਮੁਕੰਦੂ ਤੇ ਕਿਦਾਰਾ ਗੁਰੂ ਅੰਗਦ ਦੇਵ ਜੀ ਦੇ ਹਜ਼ੂਰ ਆਏ। ਗਰੀਬ ਨਿਵਾਜ ਜੀ, ਸਾਡਾ ਉਧਾਰ ਕਿਉਂ ਕਰ ਹੋਵੇ? ਤਾਂ ਬਚਨ ਹੋਇਆ ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਜੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹ ਸਾਂਤਕੀ ਸਾਧਨਾ ਹੈ। ਤੁਸੀਂ ਕੀਰਤਨ ਕੀਤਾ ਕਰੋ।" ਤਾਂ ਉਹਨਾਂ ਅਰਦਾਸ ਕੀਤੀ–'ਜੀ! ਬਾਣੀ ਦੇ ਪਾਠ ਦਾ ਕਥਾ ਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ'। ਤਦ ਬਚਨ ਹੋਇਆ "ਬਾਣੀ ਦਾ ਪਾਠ ਇਹੁ ਹੈ ਜੁ ਅਪਨੇ ਖੂਹੇ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ। ਜੇ ਦੂਜੇ ਦੀ ਪੈਲੀ ਨਜ਼ਦੀਕ ਹੋਵੇ ਤਾਂ ਉਸ ਨੂੰ ਭੀ ਪਾਣੀ ਪਹੁੰਚ ਸਕਦਾ ਹੈ ਪਰ ਦੂਰ ਦੀਆਂ ਪੈਲੀਆ ਨੂੰ ਨਹੀਂ ਪੁਜਦਾ। ਕੀਰਤਨ ਐਸੇ ਹੈ ਜੈਸੇ ਮੇਘ ਗਰਜ ਕੇ ਵਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ।"

ਤੀਸਰੇ ਗੁਰੂ ਅਮਰਦਾਸ ਜੀ ਦੇ ਕਾਲ ਵਿਚ ਗੁਰੂ ਘਰ ਦੇ ਗੁਰਸਿੱਖ ਕੀਰਤਨੀਏ ਪਾਂਧਾ ਬੁੱਲਾ ਦਾ ਨਾਮ ਵਿਸ਼ੇਸ਼ ਹੈ। ਜੋ ਗੁਰੂ ਅਮਰਦਾਸ ਜੀ ਦੇ ਸ਼ਰਧਾਲੂ ਸਿੱਖ ਸੀ। ਭਾਈ ਗੁਰਦਾਸ ਅਨੁਸਾਰ :

ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ ।<br>
ਡਲੇ ਵਾਸੀ ਸੰਗਤਿ ਭਾਰੀ।। (ਭਾਈ ਗੁਰਦਾਸ, ਵਾਰ ੧੧ ਪਉੜੀ ੧੬)

ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਬੱਲੂ ਜੀ ਦੇ ਆਉਣ ਦਾ ਜ਼ਿਕਰ ਵੀ ਹੈ ਜੋ ਤਾਲ ਸਾਜ਼ ਢੋਲਕੀ ਨਾਲ ਅਨੰਦ ਸਾਹਿਬ ਦਾ ਕੀਰਤਨ ਕਰਨ ਵਾਲੇ ਪਹਿਲੇ ਕੀਰਤਨੀਆਂ ਵਿਚੋਂ ਸਨ।

ਲਿਹੁ ਢੋਲਕ ਅਬਿ ਅਪਨੇ ਹਾਥ। ਚਢਿ ਕੋਠੇ ਪਰ ਬਡ ਸੁਰ ਸਾਥ।<br>
ਗਾਵਹੁ ਅਨੰਦ ਬਜਾਵਹੁ ਜਾਵਹੁ। ਹਰਖਾਵਹੁ ਬਹੁ ਨਰਨਿ ਸੁਨਾਵਹੁ।।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਰਾਸ ੧, ਅਧਿਆਇ ੫੯)

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਹਜ਼ੂਰੀ ਕੀਰਤਨੀਆਂ ਵਿਚੋਂ ਭਾਈ ਝਾਂਝੂ, ਭਾਈ ਮੁਕੰਦ ਤੇ ਭਾਈ ਕਿਦਾਰਾ ਦਾ ਜ਼ਿਕਰ ਵੀ ਹੈ। ਭਾਈ ਗੁਰਦਾਸ ਅਨੁਸਾਰ :

ਝਾਂਝੂ ਅਤੇ ਮੁਕੰਦੁ ਹੈ ਕੀਰਤਨੁ ਕਰੈ ਹਜੂਰਿ ਕਿਦਾਰਾ।<br>
ਸਾਧਸੰਗਤਿ ਪਰਗਟੁ ਪਾਹਾਰਾ।। (ਭਾਈ ਗੁਰਦਾਸ, ਵਾਰ ੧੧ ਪਉੜੀ ੧੮)

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਕਿਦਾਰਾ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦਾ ਰਾਗੀ ਹੋਇਆ। ਇਹ ਭਾਈ ਕਿਦਾਰਾ ਗੁਰੂ ਅੰਗਦ ਦੇਵ ਜੀ ਦੇ ਸਮੇ ਦੇ ਕਿਦਾਰੀ ਤੋਂ ਭਿੰਨ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੇ ਨਿਕਟਵਰਤੀ ਸਿੱਖਾਂ ਵਿਚੋਂ ਇਕ ਭਾਈ ਬਾਬਕ ਜਿਥੇ ਤਲਵਾਰ ਦੇ ਧਨੀ ਸਨ ਓਥੇ ਗੁਰ ਦਰਬਾਰ ਦੇ ਕੀਰਤਨਕਾਰ ਵੀ ਸਨ। ਆਪ ਗੁਰੂ ਹਰਗੋਬਿੰਦ ਸਾਹਿਬ ਦੀ ਚਲਾਈ ਮੀਰੀ ਪੀਰੀ ਪਰੰਪਰਾ ਦੇ ਅਨੁਯਾਂਈ ਅਤੇ ਭਗਤੀ ਸ਼ਕਤੀ ਦਾ ਸੁਮੇਲ ਰੂਪ ਸਨ। ਇਹਨਾਂ ਨੇ ਇਕੋ ਸਮੇਂ ਤਲਵਾਰ ਤੇ ਰਬਾਬ ਨਾਲ ਅਟੁੱਟ ਪ੍ਰੀਤ ਨਿਭਾਈ। (ਭਾਈ ਬਾਬਕ ਸਬੰਧੀ ਹੋਰ ਜਾਣਕਾਰੀ ਇਕ ਹੋਰ ਵੱਖਰੇ ਲੇਖ ਵਿਚ ਵੀ ਦਿੱਤੀ ਜਾਵੇਗੀ)

ਬਾਬਕ ਕੌ ਪੁਨਿ ਯੌਂ ਫੁਰਮਾਇ। ਕੀਰਤਨੁ ਕਰੋ ਰਬਾਬ ਬਜਾਇ।।

---------------------------------------

ਬਾਬਕ ਤਬ ਕੀਰਤਨੁ ਕਰੇ ਸੁੰਦਰੁ ਲਗੈ ਦਿਵਾਨੁ।

(ਗੁਰਬਿਲਾਸ ਪਾਤਸ਼ਾਹੀ ੬, ਅਧਿਆਇ ੮ ਪੰਨਾ ੨੯੩)

ਗੁਰੂ ਕਾਲ ਵਿਚ ਬਾਣੀ ਤੇ ਕੀਰਤਨ ਕਰਨ ਤੇ ਸੁਣਨ ਵਾਲੇ ਪ੍ਰਮੁੱਖ ਗੁਰ ਸਿੱਖਾਂ ਵਿਚੋਂ ਭਾਈ ਦੀਪਾ, ਭਾਈ ਉਗਰਸੈਨ, ਭਾਈ ਰਾਮੂ, ਭਾਈ ਨਗੋਰੀ ਮੱਲ, ਭਾਈ ਜੱਸ, ਭਾਈ ਦਰਿਆ, ਭਾਈ ਚਤਰਾ, ਭਾਈ ਨੱਥੂ, ਭਾਈ ਸੇਵਾ, ਭਾਈ ਰੱਤਾ ਦਾ ਵਿਸ਼ੇਸ਼ ਸਥਾਨ ਰਿਹਾ।

ਗੁਰੂ ਸਾਹਿਬਾਨ ਨੇ ਰਬਾਬੀ ਕੀਰਤਨੀਆਂ ਤੋਂ ਇਲਾਵਾ ਆਮ ਗੁਰਸਿੱਖ ਸੰਗਤਾਂ ਨੂੰ ਹਮੇਸ਼ਾ ਹੀ ਗੁਰ ਸ਼ਬਦ ਬਾਣੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਜਿਸ ਦਾ ਜਿਕਰ ਵਾਰ-ਵਾਰ ਆਇਆ ਹੈ। ਇਹ ਜਰੂਰੀ ਨਹੀਂ ਇਹ ਸਾਰੇ ਕੀਰਤਨੀਏ ਗੁਰਮਤਿ ਸੰਗੀਤ ਦੀ ਰਾਗਤਮਕ ਪਰੰਪਰਾਂ ਦਾ ਕੀਰਤਨ ਕਰਦੇ ਰਹੇ ਹੋਣ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਸਧਾਰਨ ਸਿੱਖ ਸੰਗਤਾਂ ਲਈ ਗੁਰੂ ਹਰਗੋਬਿੰਦ ਸਾਹਿਬ ਦੇ ਕਾਲ ਵਿੱਚ ਚੌਕੀ ਸਾਹਿਬ ਦਾ ਲੋਕ ਸੰਗੀਤ ਦੇ ਕੀਰਤਨ ਅੰਗ ਤੋਂ ਪ੍ਰਚਲਨ ਕੀਤਾ ਜੋ ਸਾਜਾਂ ਤੋਂ ਬਿਨਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਾਰੀਆਂ ਦੇ ਕੀਰਤਨ ਵਜੋਂ, ਧਾਰਨਾ ਤੇ ਜੋਟੀਆ ਦੇ ਕੀਰਤਨ ਵਜੋਂ ਅਤੇ ਢੋਲਕੀ ਛੈਣੇ, ਚਿਮਟੇ ਆਦਿ ਲੋਕ ਸਾਜਾਂ ਨਾਲ ਕੀਰਤਨ ਦੀ ਰੀਤ ਵਜੋਂ ਪ੍ਰਚੱਲਿਤ ਹੋਇਆ। ਕੀਰਤਨ ਸ਼ੈਲੀ ਦੇ ਪ੍ਰਮੁੱਖ ਤੇ ਮਰਿਆਦਤ ਰਾਗਾਤਮਕ ਕੀਰਤਨ ਤੋਂ ਇਲਾਵਾ ਸਿੱਖ ਧਰਮ ਵਿੱਚ ਇਸ ਕੀਰਤਨ ਸ਼ੈਲੀ ਦਾ ਪ੍ਰਵਾਹ ਵੀ ਨਿਰੰਤਰ ਜਾਰੀ ਹੈ। ਅਕਾਦਮਿਕ ਤੌਰ ਤੇ ਗੁਰਮਤਿ ਸੰਗੀਤ ਦੀ ਕੇਂਦਰੀ ਰਾਗਾਤਮਕ ਪਰੰਪਰਾ ਤੋਂ ਇਲਾਵਾ ਲੋਕ ਸ਼ੈਲੀ ਦੇ ਕੀਰਤਨ ਦੀ ਪ੍ਰਣਾਲੀ ਦਾ ਅਧਿਐਨ ਵੀ ਹੋਣਾ ਚਾਹੀਦਾ ਹੈ, ਕਿਉਂ ਜੋ ਇਸ ਦੀ ਆਪਣੀ ਸੰਚਾਰ ਵਿਧੀ ਹੈ। ਇਸ ਸ਼ੈਲੀ ਨੂੰ ਪ੍ਰਚਾਰਨ ਵਿੱਚ ਸੰਤਾਂ ਮਹਾਪੁਰਖਾਂ ਦਾ ਵਿਸ਼ੇਸ਼ ਯੋਗਦਾਨ ਹੈ। ਜਿਸ ਨੂੰ ਅਣਗੋਲਿਆ ਨਹੀਂ ਕੀਤਾ ਜਾ ਸਕਦਾ। ਗੁਰੂ ਘਰ ਦੇ ਉਕਤ ਵਰਣਿਤ ਅਪ੍ਰਸਿੱਧ ਕੀਰਤਨੀਆਂ ਦੇ ਜੀਵਨ ਅਤੇ ਉਹਨਾਂ ਦੀ ਸ਼ੈਲੀ ਸਬੰਧੀ ਖੋਜ ਕਾਰਜ ਜਾਰੀ ਹਨ। ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਕੀਰਤਨ ਸ਼ੈਲੀ ਦਾ ਵਿਸ਼ਾਲ ਪਾਸਾਰਾ ਖੋਜ, ਅਧਿਐਨ ਅਤੇ ਅਧਿਆਪਨ ਪੱਧਰ ਤੇ ਸਾਡੇ ਸਾਰਿਆ ਲਈ ਵਿਸ਼ੇਸ਼ ਹੈ।

**ਬਾਨੀ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਗੁਰਬਾਣੀ ਦੀ ਸੁਹਜ-ਭਾਵਨਾ

**ਜਗਤਾਰਜੀਤ ਸਿੰਘ**

ਡਾ.ਹਰਭਜਨ ਸਿੰਘ ਦੀ ਇਹ ਮਾਨਤਾ ਹੈ ਕਿ ਕਾਵਿਕ ਉਪਕਰਨਾਂ ਨੂੰ ਵਰਤਣ ਵਾਲੀ ਕੋਈ ਵੀ ਸ਼ਾਬਦਿਕ ਰਚਨਾ ਕਵਿਤਾ ਨਹੀਂ ਹੋ ਸਕਦੀ। ਕਵਿਤਾ ਦੀ ਪਛਾਣ ਛੰਦ, ਅਲੰਕਾਰਾਂ ਦੇ ਆਧਾਰ 'ਤੇ ਨਹੀਂ ਕੀਤੀ ਜਾ ਸਕਦੀ। ਕਵਿਤਾ ਵਿਚਲੇ ਤੱਤ ਉਸ ਦਾ ਸਮੁੱਚ ਨਹੀਂ ਹਨ। ਨਾ ਕਵਿਤਾ ਕੁਝ ਉਪਕਰਨਾਂ ਦਾ ਸੰਗ੍ਰਹਿ ਹੈ ਅਤੇ ਨਾ ਹੀ ਬਾਣੀ। ਸਮੀਖਿਆਕਾਰ ਅਨੁਸਾਰ ਇਸੇ ਤਰ੍ਹਾਂ ਸੁਹਜ ਅੰਗ ਦਾ ਨਹੀਂ ਬਲਕਿ ਅੰਗੀ ਦਾ ਹੁੰਦਾ ਹੈ।

ਸਮੀਖਿਆਕਾਰ ਬਾਣੀ ਦੀ ਪ੍ਰਕਿਰਤੀ ਨੂੰ ਪਛਾਣਨ ਦੇ ਨਾਲ-ਨਾਲ ਉਸ ਨੂੰ ਕਵਿਤਾ ਤੋਂ ਵੀ ਨਿਖੇੜਦਾ ਜਾਂਦਾ ਹੈ। ਉਸ ਦੀ ਪਹਿਲੀ ਸਥਾਪਨਾ ਹੈ ਕਿਬਾਣੀ ਸਹਿਜ ਅਤੇ ਚੇਤਨਾ ਦਾ ਤਣਾਉ ਪੇਸ਼ ਕਰਦੀ ਹੈ। ਬਾਣੀ ਰਚਨਾ ਵਿਚ ਪੇਸ਼ 'ਅਨੰਦ' ਮੂਲ ਰੂਪ ਵਿਚ ਅਧਿਆਤਮਕ ਸੰਕਲਪ ਹੈ ਅਤੇ ਇਹ ਆਪਣੀ ਥਾਂ ਤੋਂ ਉੱਖੜ ਕੇ ਸੁਹਜ ਸ਼ਾਸਤਰ ਵਿਚ ਆਇਆ ਹੈ। 'ਸੁਹਜ' ਦੀ ਪ੍ਰਤੀਤੀ ਸਾਧਕ, ਦਰਸ਼ਕ ਜਾਂ ਸਰੋਤੇ ਨੂੰ ਹੁੰਦੀ ਹੈ। ਬਾਣੀ ਅਤੇ ਕਵਿਤਾ ਵਿਚਲੇ ਬੁਨਿਆਦੀ ਫ਼ਰਕ ਨੂੰ ਉਘਾੜਦਾ ਹੋਇਆ ਸਮੀਖਿਆਕਾਰ ਕਹਿੰਦਾ ਹੈ ਕਿ ਕਵਿਤਾ ਵਿਚ ਵਕਤਾ/ਸਰੋਤਾ ਦੋ ਭਿੰਨ ਵਿਅਕਤੀ ਹਨ ਜਦ ਕਿ ਬਾਣੀ ਵਿਚ ਇੱਕੋ ਹੈ। ਭਾਰਤੀ ਕਾਵਿ-ਸ਼ਾਸਤਰ ਨੇ ਕਵਿਤਾ ਦੇ ਸੁਹਜ ਨੂੰ ਅਨੰਦ/ਹਿਰਦੇ ਦੀ ਮੁਕਤ ਅਵਸਥਾ ਦਾ ਨਾਂ ਦਿੱਤਾ ਹੈ। ਸਮੀਖਿਆਕਾਰ ਬਾਣੀ ਦੇ 'ਸੁਹਜ-ਪੱਖ' ਦੀ ਪੁਸ਼ਟੀ ਲਈ 'ਅਨੰਦੁ' ਦੀ ਪਹਿਲੀ ਪਉੜੀ 'ਅਨੰਦ ਭਇਆ...ਸਤਿਗੁਰੂ ਮੈਂ ਪਾਇਆ' ਲੈਂਦਾ ਹੈ। ਇਹ ਕਿਰਤ ਬਾਣੀ-ਰਚਨਾ ਦੇ ਨਾਲ-ਨਾਲ ਬਾਣੀ-ਪਾਠ ਤੋਂ ਪ੍ਰਾਪਤ ਹੋਣ ਵਾਲੀ ਸੁਹਜ-ਅਵਸਥਾ 'ਅਨੰਦ ਅਵਸਥਾ' ਦਾ ਬਿਆਨ ਵੀ ਹੈ।

ਸਾਧਾਰਨ ਕਵਿਤਾ ਦੇ ਪਾਠ ਸਮੇਂ ਪਾਠਕ ਪੇਸ਼ ਪਾਤਰ ਦੇ ਦੁੱਖ-ਸੁਖ ਨੂੰ ਆਪਣਾ ਸਮਝਣ ਲਗ ਪੈਂਦਾ ਹੈ। ਸਮੀਖਿਆਕਾਰ ਅਨੁਸਾਰ ਕਵਿਤਾ ਮਨੁੱਖ ਲੋਕ ਦੀ ਭਾਵੁਕ ਏਕਤਾ ਦੀ ਰਚਨਾ ਕਰਦੀ ਹੈ। ਇਸ ਸਥਿਤੀ ਤੋਂ ਪੈਦਾ ਹੋਣ ਵਾਲਾ ਅਨੰਦ ਗੁਣ ਸਾਂਝ ਦਾ ਹੈ ਅਤੇ ਇਸ ਦੀ ਪ੍ਰਕਿਰਤੀ ਅਮੂਹਾਰਤਾ ਵਾਲੀ ਹੈ। ਸਮੀਖਿਆਕਾਰ ਸਧਾਰਨ ਕਾਵਿਕ ਅਨੰਦ ਤੋਂ ਬਾਣੀ ਦੇ ਅਨੰਦ ਨੂੰ ਨਿਖੇੜ ਲੈਂਦਾ ਹੈ ਕਿਉਂਕਿ ਇਹ ਸਤਿਗੁਰੂ ਪਾਉਣ ਦਾ ਅਨੰਦ ਹੈ। ਸਤਿਗੁਰੂ ਭਾਵੁਕਤਾ ਦਾ ਨਹੀਂ ਬਲਕਿ 'ਸਤਿ' ਦੇ 'ਗਿਆਨ' ਦਾ ਪ੍ਰਤੀਕ ਹੈ। ਬਾਣੀ ਗੁਰੂ ਹੈ। ਗੁਰੂ ਦੀ ਪ੍ਰਾਪਤੀ ਗਿਆਨ ਦੀ ਪ੍ਰਾਪਤੀ ਹੈ। ਸਮੀਖਿਆਕਾਰ ਜਪੁ ਬਾਣੀ-ਰਚਨਾ ਦੀ 'ਗਿਅਨ ਖੰਡ ਮਹਿ...' ਪਉੜੀ ਨੂੰ ਉਦਾਹਰਨ ਵਜੋਂ ਵਰਤਦਾ ਹੈ।

ਕਾਵਿ-ਅਨੰਦ ਵਾਂਗ ਬਾਣੀ-ਅਨੰਦ ਵਿਚ ਆਪਣੀ ਤਰ੍ਹਾਂ ਦੀ ਅਮੂਹਾਰਤਾ ਹੈ। ਪਰ ਬਾਣੀਕਾਰ ਨੇ ਇਸ ਨੂੰ ਸਹਿਜ ਨਾਲ ਜੋੜ ਦਿੱਤਾ ਹੈ। ਸਮੀਖਿਆਕਾਰ ਇਸੇ ਕਾਵਿ-ਅਮੂਹਾਰਤਾ ਅਤੇ ਬਾਣੀ-ਸੁਹਜ ਵਿਚਲੇ ਆਪਸੀ ਫ਼ਰਕ ਨੂੰ ਉਜਾਗਰ ਕਰਦਾ ਹੈ। ਸਹਜ ਦਾ ਵੇਗ ਛਿਣ ਭਰ ਦਾ ਵੇਗ ਨਹੀਂ, ਇਕ ਨਵੀਂ ਜੀਵਨ-ਚੇਤਨਾ ਦਾ ਉਦੇ ਹੈ।

ਇਸ ਉਪਰੰਤ ਡਾ.ਹਰਭਜਨ ਸਿੰਘ ਬਾਣੀ-ਰਚਨਾ ਵਿਚ ਪ੍ਰਾਪਤ ਦੋ ਸੰਕਲਪ ਨਾਮ ਅਤੇ ਸ਼ਬਦ ਵਲ ਸੰਕੇਤ ਕਰਦਾ ਹੈ। ਉਹ 'ਵਾਸਤਵਿਕਤਾ' ਅਤੇ 'ਭਾਸ਼ਾਕਿਤਾ' ਨੂੰ ਮਨੁੱਖੀ ਜੀਵਨ-ਜੁਗਤ ਦੇ ਦੋ ਪ੍ਰਮੁੱਖ ਅੰਗ ਮੰਨਦਾ ਹੈ। ਕਵਿਤਾ ਦੀ ਹੋਂਦ ਦੋਹਾਂ ਦੇ ਸੁਮੇਲ ਰਾਹੀਂ ਹੀ ਸੰਭਵ ਹੈ। ਸਮੀਖਿਆਕਾਰ ਅਰਸਤੂ ਦੇ ਕਾਵਿ-ਸਿਧਾਂਤ 'ਅਨੁਕਰਨ' ਦੁਆਰਾ ਆਪਣਾ ਮਤ ਸਪਸ਼ਟ ਕਰਦਾ ਹੈ। ਜਿਸ ਵਿਚ ਰਚੇਤ ਵਾਸਤਵਿਕਤਾ ਨੂੰ ਭਾਸ਼ਾਕਿਤਾ ਵਿਚ ਉਤਾਰਦਾ ਹੈ। ਪਾਠਕ ਭਾਸ਼ਿਕ ਦ੍ਰਿਸ਼ਾਂ ਨੂੰ ਵਾਸਤਵਿਕਤਾ ਨਾਲ ਮੇਲ ਅਤੇ ਪਛਾਣ ਕੇ ਖ਼ੁਸ਼ ਹੁੰਦਾ ਹੈ। ਸਮੀਖਿਆਕਾਰ ਅਨੁਸਾਰ ਬਾਣੀ ਦਾ

ਆਧਾਰ ਵਸਤੂ ਸਮਗਰੀ ਜਾਂ ਵਾਸਤਵਿਕਤਾ ਨਹੀਂ ਬਲਕਿ 'ਨਾਮ' ਹੈ। ਇਸਦੇ ਕੋਈ ਨਿਸ਼ਚਿਤ ਰੂਪ ਨਹੀਂ । 'ਨਾਮ' ਅਰੂਪ, ਨਿਰਾਕਾਰ ਸੱਤਾ ਹੈ। ਰੂਪ ਵਾਲੀਆਂ ਵਸਤਾਂ ਨੂੰ ਪਛਾਣਿਆ ਜਾ ਸਕਦਾ ਹੈ। ਪਛਾਣ ਹੀ ਅਨੰਦ ਦਾ ਆਧਾਰ ਬਣਦੀ ਹੈ ਪਰ ਬਾਣੀ ਵਸਤੂ-ਅਨੁਭਵ ਦੀ ਪੁਰਾਣੀ ਪਛਾਣ ਦੁਹਰਾਉਂਦੀ ਹੈ ਬਲਕਿ ਬਾਣੀ ਦੈਵੀ ਚੇਤਨਾ ਰਾਹੀਂ ਨਵਾਂ ਗਿਆਨ ਦੇਂਦੀ ਹੈ।

ਬਾਣੀ ਦਾ ਆਪਣਾ ਯਥਾਰਥ ਬੋਧ ਹੈ। ਸਾਧਾਰਨ ਜੀਵਨ ਵਿਚ ਵਸਤਾਂ ਨੂੰ ਰੂਪ ਅਤੇ ਨਾਮ ਦੀ ਸੰਜੁਗਤੀ ਵਾਂਗ ਗ੍ਰਹਿਣ ਕੀਤਾ ਜਾਂਦਾ ਹੈ। ਭਾਸ਼ਾ ਨੂੰ ਵੀ ਧੁਨੀ ਅਤੇ ਅਰਥ ਦੀ ਸੰਜੁਗਤੀ ਸਵੀਕਾਰਿਆ ਜਾਂਦਾ ਹੈ। ਬਾਣੀ ਵਸਤੂ ਨੂੰ ਸਿਰਫ਼ ਨਾਮ ਅਤੇ ਭਾਸ਼ਾ ਨੂੰ ਸਿਰਫ਼ ਸ਼ਬਦ ਮੰਨਦੀ ਹੈ। ਇਹ ਅਣਵੰਡੀ ਸੰਕਲਪ ਹੈ। ਸਮੀਖਿਆਕਾਰ ਭਾਸ਼ਾ-ਵਿਗਿਆਨ ਦੀ ਸਹਾਇਤਾ ਰਾਹੀ 'ਸ਼ਬਦ ਨੂੰ 'ਚਿਹਨਕ' ਕਹਿੰਦਾ ਹੈ, ਚਿਹਨਿਤ ਤੋਂ ਮੁਕਤ। ਰਾਮ, ਅੱਲਾ, ਵਾਹਿਗੁਰੂ ਆਪੋ-ਆਪਣੇ ਸਭਿਆਚਾਰਕ ਅਰਥ ਪ੍ਰਗਟਾਉਂਦੇ ਹਨ।ਸ਼ਬਦ ਕਿਸੇ ਸਭਿਆਚਾਰਕ ਅਰਥ ਵੱਲ ਸੰਕੇਤ ਨਹੀਂ ਕਰਦਾ। 'ਸਤਿਨਾਮ' ਪਰਮਾਤਮਾ ਦਾ ਨਾਮ ਨਹੀਂ। ਪਰਮਾਤਮਾ ਆਪ ਹੈ ਜਿਹੜਾ ਹੈ, ਸੀ ਅਤੇ ਹੋਵੇਗਾ।

ਸਮੀਖਿਆਕਾਰ ਅਨੁਸਾਰ ਸ਼ਬਦ-ਭਾਵਨਾ ਦਾ ਅਨੰਦਕਾਵਿ-ਭਾਸ਼ਾ ਦੇ ਅਨੰਦ ਤੋਂ ਵੱਖਰਾ ਹੈ। ਕਾਵਿ-ਪਾਠਕ ਸ਼ਬਦ ਦੀ ਸਹਾਇਤਾ ਨਾਲ ਉਸ ਦੇ ਨਾਲ ਮਿਲਦੀ-ਜੁਲਦੀ ਵਾਸਤਵਿਕਤਾ ਪਛਾਣਦਾ ਹੈ। ਬਾਣੀ-ਪਾਠਕ ਲਈ ਸ਼ਬਦ ਕਿਸੇ ਵਸਤੂ ਨੂੰ ਪਛਾਣਨ ਦਾ ਸਾਧਨ ਨਹੀਂ, ਉਹ ਆਪ ਸਾਧਣ ਯੋਗ ਹੈ। ਆਪਣੇ ਮੱਤ ਦੀ ਦ੍ਰਿੜ੍ਹਤਾ ਲਈ ਸਮੀਖਿਆਕਾਰ 'ਰਾਗ ਰਤਨ ਪਰਵਾਰ ਪਰੀਆ ਸ਼ਬਦ ਗਾਵਣ ਆਈਆ' ਵਿਚਲੇ ਅਨੰਦ ਵਲ ਸੰਕੇਤ ਕਰਦਾ ਹੈ।

ਸਮੀਖਿਆਕਾਰ ਬਾਣੀ-ਰਚਨਾ ਦਾ ਗੁਣ-ਲੱਛਣ ਉਜਾਗਰ ਕਰਦਾ ਹੋਇਆ ਇਸ ਦਾ ਸੰਬੰਧ ਗਾਵਣ ਨਾਲ ਸਥਾਪਿਤ ਕਰਦਾ ਹੈ, ਬੋਲਣ ਨਾਲ ਨਹੀਂ। ਅਰਥ ਵਾਲੇ ਸ਼ਬਦ ਦਾ ਸੰਬੰਧ ਮਾਇਕ ਸੰਸਾਰ ਵਲ ਸੰਕੇਤ ਕਰਦਾ ਹੈ। ਜਦ ਕਿ ਅਰਥ ਤੋਂ ਮੁਕਤ ਸ਼ਬਦ ਕੇਵਲ ਨਾਮ ਵਲ ਸੰਕੇਤ ਕਰਦਾ ਹੈ। ਸਮੀਖਿਆਕਾਰ ਆਪਣੇ ਮਤ ਦੀ ਪੁਰਾਣੀ ਲਕੀਰ 'ਅਨੰਦ' ਬਾਣੀ-ਰਚਨਾ ਵਿਚੋਂ ਉਦਾਹਰਨ ਲੈਂਦਾ ਹੈ।

ਕਵਿਤਾ ਅਤੇ ਬਾਣੀ ਦੇ ਮੂਲ ਨਿਖੇੜੇ ਵਲ ਸੰਕੇਤ ਕਰਦਿਆਂ ਸਮੀਖਿਆਕਾਰ ਕਵਿਤਾ ਨੂੰ ਦਵੈਤ ਆਧਾਰਤ ਕਹਿੰਦਾ ਹੈ। ਕਵਿਤਾ ਅਨੇਕ ਮੁੱਖ ਰੂਪਾਂ ਦੀ ਸੁੰਦਰਤਾ ਸੰਚਾਰਨ ਕਾਰਨ ਅਨੰਦ ਦੇਂਦੀ ਹੈ। ਇਸ ਦੇ ਵਿਪਰੀਤ ਬਾਣੀ ਇਕ ਮੁੱਖ ਨਾਮ ਦਾ ਗਿਆਨ ਉਜਾਗਰ ਕਰਦੀ ਹੈ। ਕਵਿਤਾ ਸਮੂਰਤ ਵਾਸਤਵਿਕਤਾ ਦਾ ਚਿੱਤਰ ਪੇਸ਼ ਕਰਦੀ ਹੈ ਜਦ ਕਿਬਾਣੀ ਸਮੂਰਤ ਵਾਸਤਵਿਕਤਾ ਦੇ ਪਿੱਛੇ ਕਾਰਜ ਕਰਦੇ ਅਮੂਰਤ ਨੇਮ ਦਾ ਅਨੁਭਵ ਜਗਾਉਂਦੀ ਹੈ।

ਅੰਤਵਿਚ ਸਮੀਖਿਆਕਾਰ ਕਾਵਿ ਅਤੇ ਬਾਣੀ ਦੇ ਸੰਚਾਰ-ਪ੍ਰਬੰਧ ਦੇ ਆਪਸੀ ਅੰਤਰ ਨੂੰ ਉਜਾਗਰ ਕਰਦਾ ਹੈ। ਕਾਵਿ-ਰਚਨਾ ਵਿਚ ਕਵੀ ਆਪਣੀ ਹਉਂ ਜਾਂ ਸਵੈ ਦਾ ਪ੍ਰਗਟਾਵਾ ਕਰਦਾ ਹੈ। ਇਹ ਪ੍ਰਗਟਾਵਾ ਵਸਤੂ-ਅਨੁਭਵ 'ਤੇ ਆਧਾਰਤ ਹੁੰਦਾ ਹੈ। ਅਜਿਹੀ ਹਉਮੈ ਪਾਠਕ ਕੋਲਵੀ ਹੈ। ਉਹ ਦੋ ਹਉਮਿਆਂ ਦੀ ਇਕਮਿਕਤਾ ਦੇ ਅਨੰਦ ਨੂੰ ਮਾਣਦਾ ਹੈ। ਕਲਾਕਾਰ ਲਈ ਸਭ ਕੁਝ ਉਸ ਦੇ ਅੰਦਰ ਹੈ। ਬਾਹਰ ਕੁਝ ਨਹੀਂ। ਬਾਣੀ ਲਈ ਬਾਹਰ ਨਾਮ ਰੂਪਾਂ ਨਾਲ ਭਰਿਆ ਸੰਸਾਰ ਹੈ ਜਿਸ ਵਿਚੋਂ ਬਾਣੀਕਾਰ ਅਤੇ ਬਾਣੀ-ਪਾਠਕ ਨੇ ਨਾਮ ਨੂੰ ਅੰਦਰ ਲਿਜਾਣਾ ਹੈ।

**ਮੋ : 98990-91186**

# ਕਾਇਆ ਬਹੁ-ਖੰਡ ਖੋਜਤੇ

**ਡਾ. ਬਲਵਿੰਦਰਪਾਲ ਸਿੰਘ**

ਜਿਵੇਂ ਧਰਤੀ ਨੂੰ ਬ੍ਰਹਿਮੰਡ ਦੇ ਵਿਚੋਂ ਆਪਣੇ ਹਿੱਸੇ ਦੀ ਊਰਜਾ ਮਿਲੀ ਹੋਈ ਹੈ ਅਤੇ ਉਸ ਦੇ ਸਦਕਾ ਖਣਿਜ ਧਾਤੂਆਂ ਵੀ ਪ੍ਰਾਪਤ ਹਨ, ਉਸੇ ਤਰ੍ਹਾਂ ਨਿਸਚੇ ਹੀ ਮਨੁੱਖ ਦੇ ਸਰੀਰ ਅੰਦਰ ਵੀ ਬਹੁਤ ਕੁਝ ਖਣਿਜ ਧਾਤੂਆਂ ਵਰਗਾ ਸਮਾਇਆ ਹੋਇਆ ਹੈ ਤੇ ਜਿਸ ਦਾ ਪ੍ਰਗਟਾਵਾ ਵਿਵਹਾਰ ਦੇ ਵਿਚੋਂ ਹੁੰਦਾ ਦਿਸ ਆਉਂਦਾ ਹੈ।

ਪਾਰਸ ਅਤੇ ਲੋਹੇ ਦਾ ਰਿਸ਼ਤਾ ਸਾਹਿਤਕ ਅਤੇ ਦਾਰਸ਼ਨਿਕ ਪ੍ਰਸੰਗ ਵਿਚ ਦੇਖਿਆ ਜਾਂਦਾ ਹੈ ਪਰ ਸੋਨਾ ਬਣ ਜਾਣ ਦੀ ਸਖਸ਼ੀ ਪਦਵੀ, ਆਚਰਣਕ ਤੌਰ ਤੇ ਪ੍ਰਮਾਣਿਕ ਹੈ। ਗੁਰਬਾਣੀ ਵਿਚ ਇਸ ਦਾ ਖੂਬ ਵਰਣਨ ਹੋਇਆ ਹੈ :

**ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥**
**ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥**
**ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ**
**ਕਿਉ ਸਾਸਿ ਗਿਰਾਸਿ ਵਿਸਾਰੀਐ ॥**
**ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ ॥ (ਅੰਗ 1114)**

ਗੁਰੂ ਰਾਮਦਾਸ ਜੀ ਮਨੁੱਖੀ ਸਰੀਰ ਨੂੰ 'ਕੰਚਨ ਕਾਇਆ ਕੋਟ ਗੜ੍ਹ' ਦੱਸਦੇ ਹਨ ਜਿਸ ਵਿਚ ਪ੍ਰਭੂ ਨਾਮ ਦੀ ਸਾਧਨਾ ਪ੍ਰਗਟ ਹੋਈ ਹੈ ਅਤੇ ਜਗਿਆਸੂ ਸਾਧਕ ਦਾ ਮਨ, ਤਨ, ਹਰੀ ਨਾਮ ਦੇ ਰਤਨ ਨਾਲ ਵਿੰਨ੍ਹਿਆ ਸੀਗਾਰਿਆ ਹੈ।

ਦੁਰਲਭ ਧਾਤੂਆਂ, ਹੀਰੇ, ਮੋਤੀਆਂ ਤੇ ਪੰਨਿਆਂ ਵਾਂਗ ਰੂਹਾਨੀ ਪਰਤਾਂ ਨਾਲ ਸ਼ਿੰਗਾਰਿਆ ਸੱਚਖੰਡ, ਨਾਮ ਰੂਪੀ ਮਾਣਕਾਂ ਅਤੇ ਲਾਲਾਂ ਨਾਲ ਭਰਪੂਰ ਹੈ। ਉਥੇ ਸੋਨੇ ਦੇ ਅਮੁੱਕ ਭੰਡਾਰ ਹਨ ਤੇ ਰਸ ਭਰੀਆਂ ਵਸਤਾਂ ਨਿਰਮਲ ਸਰੂਪ ਹਨ। ਅਜਿਹੇ ਪ੍ਰਭੂ ਹਰਿਮੰਦਰ ਰੂਪੀ ਗੜ੍ਹ ਉੱਤੇ ਚੜ੍ਹਨ ਲਈ ਜੋ ਪਉੜੀਆਂ ਲੋੜੀਂਦੀਆਂ ਹਨ, ਉਸ ਦਾ ਪਤਾ ਸਤਿਗੁਰੂ ਕੋਲੋਂ ਲੱਗਦਾ ਹੈ। ਇਸ ਹਰਿਮੰਦਰ ਤੱਕ ਪਹੁੰਚ ਹੋ ਜਾਣਾ ਜੀਵਨ ਨੂੰ ਗੁਣਾਂ ਨਾਲ ਅਮੀਰ ਕਰਨਾ ਹੈ। ਮਲੀਨਗੀ ਵਾਲੇ ਵਿਵਹਾਰ ਨੂੰ ਨਿਰਮਲਤਾ ਵਾਲੇ ਆਚਰਣ ਵਿਚ ਤਬਦੀਲ ਹੋ ਜਾਣ ਦੀ ਸਹਿਜ ਪ੍ਰਕਿਰਿਆ, ਸੁਨਹਿਰੀ ਪ੍ਰਾਪਤੀ ਹੈ।

ਇਕ ਸਵਾਲ ਕੁਦਰਤੀ ਹੀ ਪੈਦਾ ਹੋ ਜਾਂਦਾ ਹੈ ਕਿ ਜਿਸ ਵਿਅਕਤੀ ਕੋਲ ਬਹੁਤ ਮਾਤਰਾ ਵਿਚ ਸੋਨਾ ਹੋਵੇ, ਉਹ ਤਾਂ ਫਿਰ ਰੱਬੀ ਗਿਆਨ ਨੂੰ ਬਹੁਤ ਛੇਤੀ ਹੀ ਪ੍ਰਾਪਤ ਕਰ ਸਕਦਾ ਹੈ। ਕੀ ਇਹ ਸਹੀ ਹੈ? ਸੋਨਾ ਕਿਸੇ ਵਿਅਕਤੀ ਦੇ ਕੋਲ ਹੋਣਾ ਅਤੇ ਉਸ ਦੇ ਅੰਦਰ ਸੋਨੇ ਵਰਗੀ ਦੁਰਲੱਭਤਾ ਅਤੇ ਸ਼ੁੱਧਤਾ ਦਾ ਹੋਣਾ, ਦੋ ਅੱਡਰੀਆਂ ਚੀਜ਼ਾਂ ਹਨ। ਜਿਵੇਂ ਸੋਨਾ ਭਸਮ, ਬੇਸ਼ਕੀਮਤੀ ਦਵਾਈਆਂ ਵਿਚ ਵੀ ਪੈਂਦਾ ਹੈ। ਸੋਨਾ ਭਸਮ ਪਾ ਕੇ ਕੋਈ ਕੁਸ਼ਤਾ ਜਾਂ ਰਸ, ਬਹੁਤ ਮਹਿੰਗਾ ਹੋ ਜਾਂਦਾ ਹੈ। ਇਸ ਦੀ ਵਰਤੋਂ ਕਰਨ ਵਾਲਾ ਵਿਅਕਤੀ, ਸੋਨੇ ਦੇ ਗੁਣਾਂ ਨੂੰ ਆਪਣੇ ਸਰੀਰ ਵਿਚ ਧਾਰਨ ਕਰਨ ਦੀ ਇੱਛਾ ਰੱਖਦਾ ਹੈ। ਸੋਨਾ ਦੇ ਕੇ ਸ਼ੁਭ ਗੁਣਾਂ ਨੂੰ ਪ੍ਰਾਪਤ ਕਰਨ ਦਾ ਵਸਤੂ ਵਟਾਂਦਰੋ (Barter) ਕਦੇ ਨਹੀਂ ਵਾਪਰਦਾ। ਪ੍ਰਭੂ ਗੁਣਾਂ ਨੂੰ ਧਾਰਨ ਕਰਨ ਦੇ ਲਈ ਭਾਵ ਸੋਨ-ਗੁਣਾਂ ਦੀ ਪ੍ਰਾਪਤੀ ਲਈ ਮਨ ਭਸਮ ਕਰਨਾ ਪੈਂਦਾ ਹੈ।

ਪ੍ਰਭੂ ਹਰਿਮੰਦਰ ਸੋਹਣਾ ਵਾਲੇ ਪ੍ਰਸੰਗ ਸਬੰਧੀ ਇਹ ਦੱਸਣਾ ਵੀ ਉਚਿਤ ਹੋਵੇਗਾ ਕਿ ਬਾਈਬਲ ਵਿਚ ਵੀ ਸਵਰਗ ਦੀਆਂ ਗਲੀਆਂ ਸੋਨੇ ਦੀਆਂ ਬਣੀਆਂ ਹੋਈਆਂ ਦੱਸੀਆਂ ਗਈਆਂ ਹਨ। ਰਸਾਇਣ ਵਿਗਿਆਨ ਦੇ ਇਤਿਹਾਸਕਾਰ ਜੇ. ਪੀ. ਹਾਲ ਨੇ ਆਪਣੇ ਲੇਖ The Secret Teachings of All P. CLV ਵਿਚ ਸੋਨੇ ਨੂੰ ਸਮੁੱਚੀਆਂ ਸਿਆਣਪਾਂ ਦੀ ਧਾਤ ਮੰਨਿਆ ਹੈ। ਸਾਰੇ ਬੁੱਧੀਜੀਵੀ ਸਮੂਹਾਂ ਨੇ ਇਹ ਜਾਣਿਆ ਕਿ ਪੀਲੇ ਸੋਨੇ ਨਾਲੋਂ ਚਿੱਟੇ ਪਾਊਡਰ ਵਾਲਾ ਸੋਨਾ ਦੁਨੀਆ ਵਿਚ ਬੌਧਿਕ-ਆਤਮਿਕ ਜਾਗ੍ਰਿਤੀ ਲਿਆਉਣ ਦੇ ਯੋਗ ਹੈ। ਮਿਸਰ ਸਭਿਅਤਾ ਦੇ ਬੁੱਧੀਜੀਵੀ ਚਿੱਟੇ ਸੋਨੇ ਦਾ ਲੁੱਕ ਛਿਪ ਕੇ ਉਪਯੋਗ ਕਰਦੇ ਸਨ ਕਿ ਨਹੀਂ, ਇਸ ਬਾਰੇ ਤਾਂ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ਪਰ ਕਈ ਚਮਤਕਾਰੀ ਸਮੂਹ, ਗੁਲਾਮਾਂ ਨੂੰ ਚੌਵੀ ਘੰਟੇ ਵਿਚ ਹੀ ਸਾਲ ਭਰ ਦੇ ਲਈ ਸਿਖਲਾਈ ਦੇ ਜਾਂਦੇ ਸਨ। ਇਸ ਜ਼ਮਾਨੇ ਵਿਚ ਡੇਵਿਡ ਹਡਸਨ ਨਾਮੀ ਵਿਅਕਤੀ ਨੇ ਚਿੱਟੀ ਧੂੜ ਵਾਲੇ ਸੋਨੇ ਦੀ ਖੋਜ ਕੀਤੀ ਤੇ ਆਪਣੇ ਨਾਮ ਪੇਟੈਂਟ ਵੀ ਕਰਵਾਇਆ।

ਧਾਤਾਂ ਦਾ ਸ਼ਖ਼ਸੀਅਤ ਉੱਤੇ ਪੈਂਦਾ ਪ੍ਰਭਾਵ ਕੁਝ ਹੋਰ ਪੜਚੋਲ ਦੀ ਮੰਗ ਕਰਦਾ ਹੈ। ਸਦੀਆਂ ਤੋਂ ਹੀ ਜ਼ਮੀਨ ਅਤੇ ਅਰਸ਼ ਦਾ ਇਕ ਨਿਸ਼ਚਿਤ ਰਿਸ਼ਤਾ ਮੰਨਿਆ ਜਾਂਦਾ ਰਿਹਾ ਹੈ। ਧਾਤਾਂ ਦਾ ਸਬੰਧ ਆਪਣੇ ਮੂਲ ਗ੍ਰਹਿਆਂ ਨਾਲ ਜੋੜ ਕੇ ਇਨ੍ਹਾਂ ਵਿਚ ਬ੍ਰਹਿਮੰਡੀ ਜੀਵੰਤ ਸ਼ਕਤੀਆਂ ਦਾ ਸੰਚਾਰ ਹੁੰਦਾ ਮੰਨਿਆ ਗਿਆ ਹੈ। ਨਿਕ ਕੋਲਰਸਟੋਰਮ ਦੀ ਪੁਸਤਕ 'ਦਾ ਮੈਟਲ ਪਲੈਨਿਟ ਰਿਲੇਸ਼ਨਸ਼ਿਪ' ਦੇ ਅਧਾਰ 'ਤੇ ਵਿਗਿਆਨਕ ਖੋਜਾਂ ਅਤੇ ਪ੍ਰਾਭੌਤਿਕ ਪ੍ਰਭਾਵਾਂ ਦਾ ਵਰਣਨ ਕੀਤਾ ਗਿਆ ਹੈ। ਸੋਨੇ ਦੇ ਸਬੰਧ ਵਿਚ ਦੱਸਿਆ ਗਿਆ ਹੈ ਕਿ ਇਹ ਅਜਿਹੀ ਧਾਤ ਹੈ ਜੋ ਨਾਸ਼ ਨਹੀਂ ਹੁੰਦੀ। ਇਹ ਸਖ਼ਤ ਅੱਗ ਵਿਚ ਵੀ ਬਚ ਜਾਂਦੀ ਹੈ। ਸੋਨੇ ਨੂੰ ਸੂਰਜ ਦੇ ਰੰਗਾਂ ਅਤੇ ਗੁਣਾਂ ਨਾਲ ਸਮਅਰਥ ਕੀਤਾ ਜਾਂਦਾ ਹੈ। ਕਹਿੰਦੇ ਹਨ ਕਿ ਸੋਨੇ ਵਿਚੋਂ ਸੂਰਜ ਦੀ ਰੌਸ਼ਨੀ ਦੇ ਨਾਲ ਕੋਈ ਵੀ ਰੰਗ ਦੇਖਿਆ ਜਾ ਸਕਦਾ ਹੈ।

ਮਨੁੱਖੀ ਸ਼ਖ਼ਸੀਅਤ ਦੇ ਸਬੰਧ ਵਿਚ ਵਿਚਾਰ ਕਰਦਿਆਂ ਇਹ ਗੱਲ ਧਿਆਨ ਵਿਚ ਰੱਖਣੀ ਜ਼ਰੂਰੀ ਹੈ ਕਿ ਸਮੁੱਚੇ ਬ੍ਰਹਿਮੰਡ ਵਿਚ ਕਈ ਸੂਰਜੀ ਮੰਡਲ ਹਨ। ਸਾਡੇ ਸੂਰਜੀ ਮੰਡਲ ਵਿਚ ਸੂਰਜ ਤੋਂ ਇਲਾਵਾ ਜੋ ਗ੍ਰਹਿ ਹਨ, ਸਾਡੇ ਸਾਹਮਣੇ ਪ੍ਰਤੱਖ ਰੂਪ ਵਿਚ ਧਰਤੀ ਦੇ ਉੱਤੇ ਜੀਵਨ ਤੱਤ ਅਤੇ ਜੀਵਨ ਵਰਤਾਰਾ ਇਕ ਨਿਸ਼ਚਿਤ ਤੇ ਰਹੱਸਮਈ ਪ੍ਰਣਾਲੀ ਦੇ ਰੂਪ ਵਿਚ ਮੌਜੂਦ ਹੈ। ਮਨੁੱਖ ਦੀ ਆਪਣੀ ਹੋਂਦ ਇਸੇ ਧਰਤੀ ਦੀਆਂ ਕੁਦਰਤੀ ਦੇਣਾਂ ਦੇ ਵਿਚੋਂ ਹੀ ਇਕ ਹਿੱਸਾ ਹੈ। ਮਨੁੱਖ ਦੀ ਸਮਝ ਅਤੇ ਖੋਜ-ਮੁਲਾਂਕਣ ਕਰਨ ਦੀ ਸ਼ਕਤੀ ਵੀ ਉਸ ਦੀ ਹੋਂਦ ਦੀਆਂ ਮੂਲ ਸ਼ਕਤੀਆਂ ਦਾ ਵਿਕਾਸ ਹੈ। ਧਾਤਾਂ ਕੁਦਰਤ ਵਲੋਂ ਮਿਲੀਆਂ ਸੁਗਾਤਾਂ ਹਨ ਅਤੇ ਮਨੁੱਖ ਦੇ ਸਰੀਰ ਵਿਚ ਵੀ ਇਨ੍ਹਾਂ ਧਾਤਾਂ ਦੀ ਹੋਂਦ ਮੌਜੂਦ ਹੈ। ਭੌਤਿਕ ਰੂਪ ਵਿਚ ਦੁਰਲੱਭ ਧਾਤ 'ਸੋਨੇ' ਦੇ ਗੁਣਾਂ ਦਾ ਮੂਲ ਸਰੋਤ 'ਸੂਰਜ' ਨੂੰ ਮੰਨਿਆ ਗਿਆ ਹੈ ਅਤੇ ਸੋਨੇ ਨੂੰ ਸਰੀਰਕ ਪ੍ਰਣਾਲੀ ਦੇ ਕੇਂਦਰ 'ਦਿਲ' ਦੇ ਇਰਦ-ਗਿਰਦ ਗਹਿਨ ਰੂਪ ਨਾਲ ਸਮੋਇਆ ਦੱਸਿਆ ਗਿਆ ਹੈ। ਬ੍ਰਿਟਿਸ਼ ਲਾਇਬ੍ਰੇਰੀ ਵਿਚ ਮੌਜੂਦਾ ਇਕ ਰਚਨਾ "Sun in spelndor solis 16th century" 'ਚ ਜ਼ਿਕਰ ਹੈ ਕਿ ਧਰਤੀ ਦੇ ਹਰ ਖਿੱਤੇ ਵਿਚ ਸੋਨਾ ਮੌਜੂਦ ਹੈ, ਸਮੁੰਦਰਾਂ ਦੇ ਵਾਤਾਵਰਨ ਦੇ ਉੱਚ ਸਥਾਨਾਂ 'ਤੇ ਧੂੜ ਵਿਚ ਵੀ ਹੈ ਅਤੇ ਗਹਿਰੇ ਟੁਕੜਿਆਂ ਦੇ ਰੂਪ ਵਿਚ ਹੈ। ਸੋਨਾ ਸਭ ਤੋਂ ਸੰਘਣੇ ਰੂਪ ਵਿਚ ਅਫਰੀਕਾ ਅੰਦਰ ਮੌਜੂਦ ਹੈ ਜਿਥੇ ਸੂਰਜ ਦੇ ਪ੍ਰਭਾਵ ਬਹੁਤ ਗਹਿਰੇ ਮੰਨੇ ਹਨ। ਇੰਗਲੈਂਡ ਦੇ (SE BARTHOLOMEN'S HOSPITAL (LONDON) ਦੇ ਇਕ (AU-195 ISO TOPE) ਨਾਮੀ ਸੋਨਾ ਯੁਕਤ ਪ੍ਰਣਾਲੀ ਦਿਲ ਦੇ ਨੇੜੇ ਲਗਾਉਣ ਦਾ ਸਫਲ ਤਜ਼ਰਬਾ ਕੀਤਾ ਹੈ ਜਿਸ ਨੂੰ (HEART IMAGING) ਕਿਹਾ ਜਾਂਦਾ ਹੈ। ਇਕ ਵਿਸ਼ੇਸ਼ਗ ਨੇ ਸੋਨੇ ਦੁਆਰਾ ਦਿਲ ਨੂੰ ਜਾਨਣ ਦਾ ਇਹ ਇਕ ਸੌਖਾ ਢੰਗ ਦੱਸਿਆ ਹੈ।

ਜਿਸ ਤਰ੍ਹਾਂ ਸੋਨ-ਗ੍ਰਹਿ, ਸੂਰਜ, ਸਾਡੇ ਮੰਡਲ ਦਾ ਧੁਰਾ ਬਣ ਕੇ ਵਰਤਾਓ ਕਰਦਾ ਹੈ, ਉਵੇਂ ਹੀ ਦਿਲ ਰੂਪੀ ਸਰੀਰਕ ਧੁਰੇ ਦੇ ਦੁਆਲੇ, ਸੋਨਾ, ਗਹਿਨ ਰੂਪ ਵਿਚ ਮੌਜੂਦ ਹੈ।

**ਸ਼ਬਦ ਰਤਨ ਅਤੇ ਨਾਮ ਕੰਚਨ :**

ਗੁਰਬਾਣੀ ਵਿਚ ਸ੍ਰਿਸ਼ਟੀ ਦੇ ਰਚਨਹਾਰੇ ਦੀ ਹੋਂਦ ਨੂੰ ਸ਼ਬਦ, ਹੁਕਮ ਅਤੇ ਨਾਮ ਦੇ ਨਾਲ ਦਰਸਾਇਆ ਅਤੇ ਪ੍ਰਤੀਨਿੱਧਤਵ ਦਿੱਤਾ ਗਿਆ ਹੈ । ਮਨੁੱਖ ਦੇ ਦਿਲ ਦੇ ਇਰਦ-ਗਿਰਦ ਜੋ ਸੰਸਕਾਰਾਂ ਦਾ ਜਮਾਵੜਾ ਹੈ, ਉਹ ਉਸ ਦਾ ਮਨ (Mind) ਬਣ ਜਾਂਦਾ ਹੈ। ਮਨ ਨੂੰ ਕੇਵਲ ਦਿਮਾਗ ਜਾਂ ਦਿਲ ਨਹੀਂ ਕਹਿ ਸਕਦੇ। ਇਹ ਮਨੁੱਖੀ ਰੂਹ, ਦਿਮਾਗ ਅਤੇ ਦਿਲ ਦੇ ਵਿਚ ਸੰਪਰਕ ਰੱਖਣ ਵਾਲਾ, ਤਾਲਮੇਲ ਬਿਠਾਉਣ ਵਾਲਾ ਇਕ ਭਾਵਨਾਤਮਿਕ ਅੰਗ ਬਣ ਕੇ ਹੀ ਮਨੁੱਖੀ ਸ਼ਖ਼ਸੀਅਤ ਦੀ ਘਾੜਤ ਦਾ ਸਾਧਨ ਅਤੇ ਸਾਖੀ ਬਣਦਾ ਹੈ। ਵੱਡੀ ਗੱਲ ਇਹ ਹੈ ਕਿ ਮਨ ਅਤੇ ਦਿਲ ਨੂੰ ਸਹਾਰਾ ਦੇਣ ਲਈ ਸ਼ਬਦ ਨੂੰ ਸੋਨਾ ਮੰਨਿਆ ਗਿਆ ਹੈ। ਭਗਤ ਨਾਮਦੇਵ ਜੀ ਦਾ ਬਹੁਤ ਸੁੰਦਰ ਬਚਨ ਹੈ :

**ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥ ਨਾਮੇ ਕਾ ਚਿਤੁ ਹਰਿ ਸਉ ਲਾਗਾ ॥4॥ (ਅੰਗ 485)**

ਭਗਤ ਨਾਮ ਦੇਵ, ਰੰਗਣ ਅਤੇ ਸਿਉਣ ਦਾ ਕੰਮ ਕਿਰਤ ਵਜੋਂ ਕਰਦੇ ਸਨ ਉਨ੍ਹਾਂ ਨੇ ਭਗਤੀ ਕਰਨ ਦੀ ਪ੍ਰਕਿਰਿਆ ਦੇ ਪ੍ਰਤੀਕ ਵੀ ਆਪਣੇ ਸੰਦ-ਔਜ਼ਾਰਾਂ ਵਿਚੋਂ ਹੀ ਲਏ ਹਨ। ਉਨ੍ਹਾਂ ਨੇ ਬੜੇ ਭੇਦ ਹੀ ਗੱਲ ਦੱਸੀ ਹੈ ਕਿ ਪਰਮਾਤਮਾ ਦਾ ਸ਼ਬਦ ਸੋਨੇ ਦਾ ਰੂਪ ਹੈ, ਮਾਨੋ ਇਹ ਸੂਈ ਹੈ। ਭਗਤ ਦਾ ਦਿਲ ਤੇ ਮਨ ਮਾਨੋ, ਚਾਂਦੀ ਦਾ ਧਾਗਾ ਹੈ ਜਿਸ ਨੂੰ ਸ਼ਬਦ ਰੂਪੀ ਸੂਈ ਵਿਚ ਪਰੋਣਾ ਹੈ। ਇਸ ਕੰਮ ਦੇ ਲਈ ਜੋ ਧਿਆਨ ਅਤੇ ਇਕਾਗਰਤਾ ਦੀ ਲੋੜ ਹੈ, ਉਹ ਹੀ ਸ਼ਬਦ ਅਤੇ ਸੁਰਤ ਦੇ ਮਿਲਾਪ ਦੀ ਸਾਧਨਾ ਹੈ। ਸੋਨੇ ਰੂਪੀ ਸ਼ਬਦ ਜਦੋਂ, ਮਨ ਅਤੇ ਦਿਲ ਵਿਚ ਠਹਿਰ ਜਾਂਦਾ ਹੈ ਤਾਂ ਇਸ ਨੂੰ ਉਸੇ ਤਰ੍ਹਾਂ ਅਡੋਲਤਾ ਮਿਲਦੀ ਹੈ ਜਿਵੇਂ ਸੋਨੇ ਦੇ ਤੁਪਕੇ, ਦਿਲ ਦੀ ਭੌਤਿਕਤਾ ਨੂੰ ਧਰਵਾਸ ਦਿੰਦੇ ਹਨ। ਸ਼ਬਦ ਜਾਂ ਨਾਮ ਪਰਮਾਤਮਾ ਦੀ ਰਜ਼ਾ ਵਿਚ ਰਚੀ ਗਈ ਗੁਰਬਾਣੀ ਦੇ ਅੰਦਰ ਪਰੋਤੀ ਹੋਈ, ਦੁਰਲਭ ਅਤੇ ਨਿਤ-ਨਰੋਈ ਸੋਨ-ਯਾਦ ਹੈ, ਜਿਸ ਨੂੰ ਅੰਮ੍ਰਿਤ ਰਸ ਵੀ ਕਿਹਾ ਗਿਆ ਹੈ ਅਤੇ ਪੂਰਨ ਜੋਤ ਵੀ ਆਖਿਆ ਗਿਆ ਹੈ। ਪ੍ਰਭੂ ਦੇ ਮੌਲਿਕ ਸਥਾਨ ਸੱਚਖੰਡ ਨੂੰ ਸੁੰਦਰ ਮਾਣਕ ਤੇ ਲਾਲਾਂ ਨਾਲ ਜੁੜਿਆ ਦੱਸਿਆ ਗਿਆ ਹੈ ਜਿਥੇ ਰਤਨ, ਕੀਮਤੀ ਹੀਰੇ ਤੇ ਸੋਨੇ ਨਾਲ ਜੜੰਤ ਕਿਲ੍ਹੇ ਹਨ ਜੋ ਅੰਮ੍ਰਿਤ ਰਸ ਦੇ ਇਰਦ-ਗਿਰਦ ਹਨ। ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਬ੍ਰਹਿਮੰਡੀ ਪਸਾਰੇ ਵਿਚ ਸੱਚਖੰਡ ਦਾ ਪ੍ਰਸੰਗ ਸਮਝਾ ਕੇ ਉਸ ਨੂੰ ਇਹ ਪ੍ਰੇਰਨਾ ਦਿੱਤੀ ਹੈ ਕਿ ਠੀਕ ਇਸੇ ਤਰ੍ਹਾਂ ਉਸ ਸੱਚਖੰਡ ਦੀ ਇਕ ਸ਼ਾਖਾ (Branch) ਮਨੁੱਖੀ ਹਿਰਦੇ ਵਿਚ ਵੀ ਹੈ ਜਿਸ ਦੇ ਇਰਦ-ਗਿਰਦ ਸੋਨਾ, ਰਤਨ ਹੀਰੇ ਆਦਿ ਵਰਗੀ ਸੁਰੱਖਿਅਤ ਪਰਤ ਹੈ। ਇਸ ਦੇ ਅੰਦਰ ਅੰਮ੍ਰਿਤ ਰਸ ਦੇ ਕੁੰਟ ਭਰੇ ਪਏ ਹਨ। ਪਉੜੀ ਬਿਨਾਂ ਇਸ ਕਿਲ੍ਹੇ ਤੇ ਕਿਵੇਂ ਪਹੁੰਚਿਆ ਜਾ ਸਕਦਾ ਹੈ? ਪ੍ਰਭੂ ਦੀ ਯਾਦ ਵਿਚ ਗੁਰੂ ਦੀ ਰਹਿਨੁਮਾਈ ਅੰਦਰ ਜੁੜਣ ਨਾਲ, ਜਗਿਆਸੂ ਨੂੰ ਇਸ ਕੰਚਨ (ਸੋਨੇ) ਦੇ ਗੜ੍ਹ ਵਿਚ ਪਹੁੰਚ ਹਾਸਲ ਹੁੰਦੀ ਹੈ ਤੇ ਅੰਮ੍ਰਿਤ ਰਸ ਪ੍ਰਾਪਤ ਕਰਕੇ ਮਨੁੱਖੀ ਸ਼ਖ਼ਸੀਅਤ ਵਿਚ ਸੋਨ ਗੁਣ ਧਾਰਨ ਹੁੰਦੇ ਹਨ।

**ਮੋ: 9888021699**

# ਭਾਈ ਗੁਰਦਾਸ ਜੀ ਦੇ ਚੋਣਵੇਂ ਸੁਨੇਹੇ

**ਪਰਮਜੀਤ ਸਿੰਘ 'ਸੁਚਿੰਤਨ'**

ਭਾਈ ਗੁਰਦਾਸ ਜੀ ਦੀ ਬਾਣੀ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਮਾਣ ਪ੍ਰਾਪਤ ਹੈ। ਗੁਰਬਾਣੀ ਦੀਆਂ ਗੁੱਝੀਆਂ ਰਮਜ਼ਾਂ ਨੂੰ, ਆਮ ਸੰਗਤਾਂ ਤੱਕ ਪਹੁੰਚਾਉਣ ਹਿੱਤ, ਭਾਈ ਗੁਰਦਾਸ ਜੀ ਨੇ ਵਾਰਾਂ ਤੇ ਕਬਿੱਤਾਂ ਦੀ ਰਚਨਾ ਕੀਤੀ। ਇਸ ਪੁਸਤਕ ਦੇ ਵਿਸ਼ੇ ਨਾਲ ਸਬੰਧਿਤ, ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਚੋਣਵੇਂ ਸੁਨੇਹਿਆਂ ਨੂੰ, ਇਸ ਪੁਸਤਕ 'ਚ ਹੇਠ ਲਿਖੇ ਅਨੁਸਾਰ ਦਿੱਤਾ ਜਾ ਰਿਹਾ ਹੈ। ਆਸ ਹੈ ਕਿ ਪਾਠਕ ਜਨ ਲਾਹਾ ਲੈਣਗੇ।

**ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ।** (ਵਾਰ 1, ਪਉੜੀ 3)

ਭਾਵ ਅਰਥ : ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰਸਿੱਖ ਸੱਚੀ-ਸੁੱਚੀ ਕਿਰਤ ਕਰਕੇ ਧਨ ਲਿਆਉਂਦੇ ਹਨ ਅਤੇ ਉਸ ਧਨ ਨੂੰ ਖਰਚ ਕਰਕੇ, ਆਪ ਵੀ ਖਾਂਦੇ ਹਨ ਤੇ ਹੋਰਨਾਂ ਨੂੰ ਵੀ ਖੁਆਉਂਦੇ ਹਨ।

**ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।** (ਵਾਰ 6, ਪਉੜੀ 12)

ਭਾਵ ਅਰਥ : ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰਸਿੱਖ ਸੱਚੀ-ਸੁੱਚੀ ਕਿਰਤ ਕਰਕੇ ਧਨ ਲਿਆਉਂਦੇ ਹਨ ਅਤੇ ਲੋੜਵੰਦਾਂ ਨੂੰ ਹੱਥੋਂ ਦੇ ਕੇ ਭਲਾ ਮਨਾਉਂਦੇ ਹਨ।

**ਘਾਲਿ ਖਾਇ ਸੇਵਾ ਕਰੈ ਗੁਰ ਉਪਦੇਸੁ ਅਵੇਸੁ ਵਿਸੇਖੈ।** (ਵਾਰ 28, ਪਉੜੀ 6)

ਭਾਵ ਅਰਥ : ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰਸਿੱਖ ਸੱਚੀ-ਸੁੱਚੀ ਕਿਰਤ ਕਰਕੇ ਖਾਵੇ, ਆਏ-ਗਏ ਦੀ ਸੇਵਾ ਕਰੇ ਅਤੇ ਸਦਾ ਗੁਰ ਉਪਦੇਸ਼ ਤੋਂ ਪ੍ਰੇਰਣਾ ਲੈ ਕੇ ਆਪਣਾ ਜੀਵਨ ਬਿਤੀਤ ਕਰੇ।

**ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।** (ਵਾਰ 28, ਪਉੜੀ 15)

ਭਾਵ ਅਰਥ : ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰਸਿੱਖ ਸੱਚੀ-ਸੁੱਚੀ ਕਿਰਤ ਕਰਕੇ, ਲੋਕ-ਭਲਾਈ ਦੇ ਕਾਰਜ ਕਰੇ। ਪਰ, ਇਹ ਕਾਰਜ ਕਰਦੇ ਹੋਏ, ਆਪਣਾ-ਆਪ ਨਾ ਗਣਾਵੇ ਭਾਵ ਕਿ ਆਪਣੀ ਉਪਮਾ ਨਾ ਕਰਵਾਵੇ।

**ਘਾਲਿ ਖਾਇ ਗੁਰਸਿਖ ਮਿਲਿ ਖਾਣਾ ।** (ਵਾਰ 32, ਪਉੜੀ 1)

ਭਾਵ ਅਰਥ : ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰਸਿੱਖ ਸੱਚੀ-ਸੁੱਚੀ ਕਿਰਤ ਕਰਕੇ ਆਪ ਵੀ ਖਾਂਦੇ ਹਨ ਅਤੇ ਹੋਰ ਗੁਰਸਿੱਖਾਂ ਨਾਲ ਵੀ ਵੰਡਦੇ ਹਨ।

**ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ।**
**ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ।** (ਵਾਰ 40, ਪਉੜੀ 11)

ਭਾਵ ਅਰਥ : ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰਸਿੱਖ ਸੱਚੀ-ਸੁੱਚੀ ਕਿਰਤ ਕਰਕੇ ਧਨ ਲਿਆਉਂਦੇ ਹਨ ਅਤੇ ਲੋੜਵੰਦਾਂ ਵਿਚ ਪ੍ਰਸ਼ਾਦਾ ਵਰਤਾਉਂਦੇ ਹਨ। ਪਹਿਲਾਂ ਗੁਰਸਿੱਖਾਂ ਨੂੰ ਛਕਾ ਕੇ, ਪਿਛੋਂ ਜੋ ਬਚ ਜਾਵੇ, ਉਹ ਆਪ ਛਕ ਲੈਂਦੇ ਹਨ।

**ਅਸਰਨਿ ਸਰਨਿ ਅਉ ਨਿਰਧਨ ਕੋ ਹੈ ਧਨ ਟੇਕ ਅੰਧਨ ਕੀ ਅਉ ਕਿਰਪਨ ਕਿਰਪਾਲੁ ਹੈ॥**
**(ਭਾਈ ਗੁਰਦਾਸ ਜੀ, ਕਬਿਤ 387)**

ਭਾਵ ਅਰਥ : ਜਿਨ੍ਹਾਂ ਮਨੁੱਖਾਂ ਦਾ ਕੋਈ ਆਸਰਾ ਨਹੀਂ, ਉਹਨਾਂ ਨੂੰ ਉਹ ਪਰਮਾਤਮਾ ਆਪ ਆਸਰਾ ਦਿੰਦਾ ਹੈ ਅਤੇ ਜਿਨ੍ਹਾਂ ਮਨੁੱਖਾਂ ਕੋਲ ਧਨ ਨਹੀਂ, ਉਹਨਾਂ ਨੂੰ ਉਹ ਪਰਮਾਤਮਾ ਆਪ ਧਨ ਦਿੰਦਾ ਹੈ। ਨੇਤਰਹੀਣਾਂ ਲਈ ਉਹ ਪਰਮਾਤਮਾ ਟੇਕ (ਆਸਰਾ) ਹੈ ਅਤੇ ਕੰਜੂਸ ਤੇ ਤੰਗ ਦਿਲ ਮਨੁੱਖਾਂ ਲਈ ਵੀ ਉਹ ਕਿਰਪਾਲੂ ਹੈ।

**ਮੋ: 9779124500**

# Bhai Samund Singh

(The Hazoori Raagi and Heavenly Minstrel)

**Harjap Singh Aujla**

'So kyon visre meri maye' was a shabad being rendered on the radio in a highly emotional tone and texture by an unheard of but extraordinary singer. His highly cultured voice completely mesmerised me when I tuned into All India Radio Jalandhar-Amritsar one day way back in 1952. Later, a voice-over announced: 'You have just heard the voice of Bhai Samund Singh Ragi singing a shabad.'

My father, during the years of his college, had heard this magical and emotive voice for the first time in the mid-1920s at Gurdwara Janam Asthan Sri Nankana Sahib, during the marathon celebrations of the Birth Anniversary of Guru Nanak. Since that moment, he had become a lifelong admirer of Bhai Samund Singh. With extreme reverence, he would refer to him as a *samundar* of gurmat sangeet (an ocean of Sikh religious music).

In my case, too, from that morning of 1952, I became a big fan of the sweet, melodious and enchanting voice of Bhai Samund Singh. Whenever he happened to visit the studios of All India Radio Jalandhar, he was accorded the respect he amply deserved. The authorities of All India Radio Jalandhar-Amritsar fixed the Friday of every week for shabad kirtan programmes at the radio station. Bhai Samund Singh was invited at least once every fortnight to perform live at Punjab's only radio station.

This radio station had a large number of its own musical instruments, including several tanpuras.[1] Bhai Samund Singh and Master Rattan of Phagwara were always requested to choose any one of the tanpuras for accompaniment, while most other musicians had to bring their own tanpuras. One of the staff artists, an accomplished clarinet player, had become a big fan of Bhai Samund Singh. He always insisted on accompanying Bhai *Sahib* during his shabad kirtan. Similarly, a violinist always showed eagerness in playing his instrument with Bhai Sahib. Such was his charisma!

These facts, and several others, were told to me by the late Sardar Jodh Singh, who retired as Assistant Station Director of All India Radio Jalandhar. During the twice-a-month visits to the radio station, he almost invariably invited Bhai Samund Singh to have lunch at his residence. They remained very good lifelong friends. He also told me that the ancestry and relatives of Bhai Samund Singh hailed from the districts of Sheikhupura, Gujranwala, Lyallpur and Montgomery.

Before independence and the tragic partition of Punjab, he had served as a headmaster at Lyallpur (now Faisalabad) in West Punjab. According to him, strict

nitnem and regular riyaz of the raagas was a hallmark of Bhai Samund Singh's lifestyle from childhood.

Bhai Samund Singh was born in 1900 in a relatively nondescript village called Mulla Hamza in Montgomery (now Sahiwal) district of West Punjab. This district was famous for its wealthy Sikh farming community and was one of the favoured districts of the British rulers. Although the Sikhs constituted barely ten per cent of the population of that district, yet financially they were very well off and controlled the economy of the area. It won't be incorrect to say that Sikhism thrived in this area of Multan division so much so that several Hindu families of the area used to convert their elder son to Sikhism.

One of the role models for the Sikh community of the area was the family of Bhai Huzoor Singh, the illustrious father of Bhai Samund Singh. When Samund was still very young, between the age of six to ten, Bhai Hazoor Singh had set a vigorous training regime for him. He was made to learn *Japji Sahib* and *Rehraas* by heart by the time he turned ten. By the age of 12, Samund Singh had learnt at least 1,000 shabads from the Guru Granth by heart. He had also undergone proper introductory training in several commonly sung gurmat sangeet and other raagas by that age.

